# 10th- (Mathematics)

## TERM 1 Practice Questions-2021-22

### *WEEKLY REVISION ASSIGNMENT-15*

1. ਇਕ ਨਿਸ਼ਚਿਤ ਘਟਨਾ ਦੀ ਸੰਭਾਵਨਾ ਕੀ ਹੈ ?

   What is the probability of a sure event ?

   (a) 0 (b) 1/2 (c) 1 (d) -1

2. ਇੱਕ ਬਿੰਦੂ A ਤੋਂ , ਜੋ ਚੱਕਰ ਦੇ ਕੇਂਦਰ ਤੋਂ 25 ਸਮ ਦੂਰ ਹੈ ਅਤੇ ਚੱਕਰ ਦੀ ਸਪਰਸ਼ ਰੇਖਾ ਦੀ ਲੰਬਾਈ 24 ਸਮ ਹੈ । ਚੱਕਰ ਦਾ ਅਰਧ ਵਿਆਸ ਪਤਾ ਕਰੋ।

   From a point A ,the length of tangent to a circle is 24 cm and distance of A fromthe centre is 25 cm. Find the radius of the circle.

   (a) 7cm (b) 17cm (c) 49cm (d)25cm

3. ਦੋ ਸਮ ਕੇਂਦਰੀ ਚੱਕਰਾਂ ਦੇ ਅਰਧ ਵਿਆਸ 5 ਸਮ ਅਤੇ 4 ਸਮ ਹਨ।ਵੱਡੇ ਚੱਕਰ ਦੀ ਉਸ ਜੀਵਾ ਦੀ ਲੰਬਾਈ ਪਤਾ ਕਰੋ ਜੋ ਕਿ ਛੋਟੇ ਚੱਕਰ ਨੂੰ ਸਪਰਸ਼ ਕਰਦੀ ਹੈ।

   If radii of two concentric circles are 5 cm and 3 cm then the length of each chord of one circle which touches the other circle is

   (a) 4cm (b) 6cm (c) 8cm (d) 2cm

4. ਦੋ ਚੱਕਰਾਂ ਦੇ ਅਰਧ ਵਿਆਸ ਕ੍ਰਮਵਾਰ 8 ਸਮ ਅਤੇ 6 ਸਮ ਹਨ । ਉਸ ਚੱਕਰ ਦਾ ਅਰਧ ਵਿਆਸ ਪਤਾ ਕਰੋ ਜਿਸ ਦਾ ਖੇਤਰਫਲ ਇਹਨਾਂ ਦੋਨਾਂ ਚੱਕਰਾਂ ਦੇ ਖੇਤਰਫਲਾਂ ਦੇ ਜੋੜ ਦੇ ਬਰਾਬਰ ਹੈ।

   The radii of two circles are 8cm and 6cm respectively .Find the radius of that circle whose area is equal to the sum of the areas of two circles.

   (a) 5 cm (b) 15 cm (c) 12cm (d) 10 cm

5. ਜੇਕਰ ਬਿੰਦੂ (-5,1) , (1,p) ਅਤੇ (4,-2) ਸਮਰੇਖੀ ਹੋਣ ਤਾਂ p ਦਾ ਮੁੱਲ ਦੱਸੋ।

If the points (-5,1) , (1,p) and (4,-2) are collinear, find the value of p .

(a) 3 (b) 2 (c) 1 (d) -1

6. X-ਧੁਰੇ ਤੇ ਇੱਕ ਬਿੰਦੂ ਪਤਾ ਕਰੋ ਜੋ ਕਿ ਬਿੰਦੂਆਂ (7,6) ਅਤੇ (-3,4) ਤੋਂ ਸਮਾਨ ਦੂਰੀ ਤੇ ਹੈ ।

The point on X-axis ,which is equidistant from the point (7,6) and (-3,4) is :

(a) (0,3) (b) (4,3) (c) (3,0) (d) None of these ( ਇਹਨਾਂ ਚੋਂ ਕੋਈ ਨਹੀਂ )

7. ਕਿਸੇ ਬਿੰਦੂ ਦੇ ਨਿਰਦੇਸ਼ ਅੰਕ ਪਤਾ ਕਰੋ ਜੋ ਕਿ ਬਿੰਦੂਆਂ (-1,7) ਅਤੇ (4,-3) ਨੂੰ 2:3 ਦੇ ਅਨੁਪਾਤ ਵਿੱਚ ਵੰਡਦਾ ਹੈ।

Find the coordinate of the point which divides the join of (-1,7) and (4,-3) in the ratio 2:3.

(a) (1,3) (b) (2,6) (c) (3,4) (d) (4,6)

8. ਜੇਕਰ $\sin A + \sin^2 A = 1$ ਤਾਂ $\cos^2 A + \cos^4 A$ ਦਾ ਮੁੱਲ ਕੀ ਹੋਵੇਗਾ ?

If $\sin A + \sin^2 A = 1$ then what is the value of the expression $\cos^2 A + \cos^4 A$ ?

(a) 0 (b) 1 (c) 2 (d) 9

9. ਜੇਕਰ $2 \sin \theta = \sqrt{3}$ ਤਾਂ $\theta$ = ................

If $2 \sin \theta = \sqrt{3}$ then $\theta$ = ................

(a) $30^0$ (b) $60^0$ (c) $45^0$ (d) $90^0$

10. ਬਿੰਦੂ (0,-3) ਦੀ ਮੂਲ ਬਿੰਦੂ ਤੋਂ ਦੂਰੀ ਕੀ ਹੈ ?

Distance of the point (0,-3) from the origin is :

(a) 3 (b) 7 (c) 0 (d) ਇਹਨਾ ਵਿੱਚੋਂ ਕੋਈ ਨਹੀਂ ( None of these )

ਤਿਆਰ ਕਰਤਾ : ਅੰਮ੍ਰਿਤਸਰ ਮੈਥ ਟੀਮ